## ਬਾ-ਅਦਾਲਤ ਸਰਬਜੀਤ ਕੋਰ, ਪੀ.ਸੀ.ਐਸ.-।, ਸੰਯੁਕਤ ਰਜਿਸਟਰਾਰ (ਐਪੀਲਾਂਟ ਅਥਾਰਟੀ) ਸਹਿਕਾਰੀ ਸਭਾਵਾਂ ਜਲੰਧਰ ਮੰਡਲ, ਜਲੰਧਰ

ਮੱਖਣ ਸਿੰਘ ਪੁੱਤਰ ਸ੍ਰੀ ਜਗੀਰ ਸਿੰਘ, ਪਿੰਡ ਬੀਕਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।

.........ਅਪੀਲਕਰਤਾ.......

**ਬਨਾਮ**

ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ।

ਰਾਈਟ ਟੂ ਇਨਫਰਮੇਸ਼ਨ ਐਕਟ - 2005 ਤਹਿਤ ਮੰਗੀ ਗਈ ਸੂਚਨਾ ਨਾ ਮਿਲਣ ਕਾਰਨ ਦਾਇਰ ਕੀਤੀ ਗਈ ਅਪੀਲ।

**ਹਾਜ਼ਰੀ ਮਿਤੀ : 29.07.2022.**

ਸ੍ਰੀਮਤੀ ਰੇਖਾ ਰਾਣੀ, ਸੁਪਰਡੈਂਟ ਦਰਜਾ-।। ਦਫਤਰ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਨਵਾਂਸ਼ਹਿਰ।

**ਹੁਕਮ :**

ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਚੰਡੀਗੜ ਦੇ ਪੱਤਰ ਨੰ : ਰਸਸ/ ਆਰ ਟੀ.ਆਈ./ ਨਵਾਂਸ਼ਹਿਰ/ 11611, ਮਿਤੀ : 15.07.2022 ਰਾਹੀਂ ਸ੍ਰੀ ਮੱਖਣ ਸਿੰਘ, ਅਪੀਲਕਰਤਾ ਵਲੋਂ ਦਰਖਾਸਤ ਮਿਤੀ : 15.05.2021 ਰਾਹੀਂ ਆਰ.ਟੀ.ਆਈ.ਐਕਟ-2005 ਤਹਿਤ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਅਤੇ ਪ੍ਰਧਾਨ, ਕੋਆਪ੍ਰੇਟਿਵ ਸੁਸਾਇਟੀ ਖਾਨਖਾਨਾ ਪਾਸੋਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਦਾਇਰ ਕੀਤੀ ਗਈ ਅਪੀਲ ਮਾਨਯੋਗ ਸਟੇਟ ਇਨਫਰਮੇਸ਼ਨ ਕਮਿਸ਼ਨ ਪੰਜਾਬ ਚੰਡੀਗੜ ਜੀ ਵਲੋਂ ਅਪੀਲ ਕੇਸ ਨੰ : 4718 ਆਫ 2021 ਦੇ ਹੁੱਕਮ ਮਿਤੀ : 29.06.2022 ਦੀ ਪਾਲਣਾ ਵਿੱਚ ਇਸ ਦਫਤਰ ਨੂੰ ਨਿਪਟਾਰੇ ਹਿੱਤ ਭੇਜੀ ਗਈ ਹੈ। ਮਾਨਯੋਗ ਅਦਾਲਤ ਵਲੋਂ ਕੀਤੇ ਹੁੱਕਮਾਂ ਅਨੁਸਾਰ ਰਜਿਸਟਰਾਰ ਸਹਿਕਾਰੀ ਸਭਾਵਾਂ ਨੂੰ ਆਦੇਸ਼ ਜਾਰੀ ਕੀਤੇ ਗਏ ਕਿ ਇਹ ਹੁੱਕਮ ਪ੍ਰਾਪਤ ਹੋਣ ਤੋਂ 15 ਦਿਨਾਂ ਅੰਦਰ ਪ੍ਰਾਰਥੀ ਨੂੰ ਬੁਲਾ ਕੇ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਉਸਨੂੰ ਸਪਲਾਈ ਕੀਤੀ ਜਾਵੇ ਅਤੇ ਇਸਦੀ ਸੂਚਨਾ ਮਾਨਯੋਗ ਸਟੇਟ ਇਨਫਰਮੇਸ਼ਨ ਕਮਿਸ਼ਨ ਪੰਜਾਬ ਚੰਡੀਗੜ ਜੀ ਨੂੰ ਭੇਜੀ ਜਾਵੇ।

ਇੱਥੇ ਇਹ ਜ਼ਿਕਰਯੋਗ ਹੈ ਕਿ ਜਲੰਧਰ ਡਵੀਜਨ ਵਿੱਚ ਇਸ ਦਫਤਰ (ਸੰਯੁਕਤ ਰਜਿਸਟਰਾਰ ਸਹਿਕਾਰੀ ਸਭਾਵਾਂ ਜਲੰਧਰ ਮੰਡਲ, ਜਲੰਧਰ) ਨੂੰ ਬਤੌਰ ਐਪੀਲਾਂਟ ਅਥਾਰਟੀ ਨਿਯੁੱਕਤ ਕੀਤਾ ਗਿਆ ਹੈ, ਜਿਸ ਕਾਰਨ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਚੰਡੀਗੜ ਦੇ ਪੱਤਰ ਨੰ : ਰਸਸ/ ਆਰ ਟੀ.ਆਈ./ ਨਵਾਂਸ਼ਹਿਰ/ 11611, ਮਿਤੀ :

..........2........

15.07.2022 ਰਾਹੀਂ ਇਹ ਅਪੀਲ ਨਿਪਟਾਰੇ ਹਿੱਤ ਇਸ ਦਫਤਰ ਵਿੱਚ ਪ੍ਰਾਪਤ ਹੋਈ ਹੈ।

ਅਪੀਲ ਦੀ ਸੁਣਵਾਈ ਵਾਸਤੇ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਅਤੇ ਵੱਖ-ਵੱਖ ਮਿਤੀਆਂ ਨੂੰ ਅਪੀਲ ਦੀ ਸੁਣਵਾਈ ਕੀਤੀ ਗਈ।

ਮਿਤੀ : 25.07.2022 ਨੂੰ ਅਪੀਲ ਦੀ ਸੁਣਵਾਈ ਦੌਰਾਨ ਅਪੀਲਕਰਤਾ ਹਾਜਰ ਨਹੀਂ ਆਇਆ। ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਦਫਤਰ ਵਲੋਂ ਹਾਜਰ ਆਏ ਸ੍ਰੀ ਤੇਜਿੰਦਰ ਸਿੰਘ, ਸੁਪਰਡੈਂਟ ਦਰਜਾ-।। ਵਲੋਂ ਉਪ-ਰਜਿਸਟਰਾਰ ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਵਲੋਂ ਦਿੱਤਾ ਜਵਾਬ ਪੇਸ਼ ਕੀਤਾ ਗਿਆ, ਜਿਸ ਅਨੁਸਾਰ ਵਿਭਾਗ ਵਿੱਚ ਕਈ ਪ੍ਰਕਾਰ ਦੀਆਂ ਸਹਿਕਾਰੀ ਸਭਾਵਾਂ ਕੰਮ ਕਰਦੀਆਂ ਅਤੇ ਹਰ ਇੱਕ ਸਭਾ ਇੱਕ ਵੱਖਰੇ ਨਾਮ, ਥਾਂ ਅਤੇ ਪਤੇ ਤੇ ਰਜਿਸਟਰਡ ਹੁੰਦੀ ਹੈ। ਪ੍ਰਾਰਥੀ ਵਲੋਂ ਦਰਖਾਸਤ ਵਿੱਚ ਨਾ ਤਾਂ ਸਭਾ ਦਾ ਨਾਮ ਦੱਸਿਆ ਗਿਆ ਹੈ ਅਤੇ ਨਾ ਹੀ ਸਭਾ ਦਾ ਥਾਂ ਅਤੇ ਪਤਾ ਦੱਸਿਆ ਗਿਆ ਹੈ, ਜਿਸ ਕਾਰਨ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਦੇ ਪੱਤਰ ਨੰ : ਉ.ਰ.ਸ ਭ.ਸਿੰ.ਨ/ ਸੁਪਰ/ 1871, ਮਿਤੀ : 21.05.2021 ਰਾਹੀਂ ਦਰਖਾਸਤਕਰਤਾ ਨੂੰ ਉਸਦੀ ਦਰਖਾਸਤ ਵਾਪਸ ਭੇਜਦੇ ਹੋਏ ਲਿਖਿਆ ਗਿਆ ਕਿ ਸਹਿਕਾਰੀ ਸਭਾ ਦਾ ਅਸਲ ਨਾਮ ਸਪਸ਼ਟ ਕੀਤਾ ਜਾਵੇ। ਇਸ ਉਪਰੰਤ ਪ੍ਰਾਰਥੀ ਵਲੋਂ ਕੋਈ ਵੀ ਦਰਖਾਸਤ ਉਪ-ਰਜਿਸਟਰਾਰ ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਦਫਤਰ ਵਿੱਚ ਪ੍ਰਾਪਤ ਨਹੀਂ ਹੋਈ।

ਸੁਣਵਾਈ ਦੌਰਾਨ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਮਿਤੀ : 15.05.2021 ਦੀ ਘੋਖ ਕੀਤੀ ਗਈ, ਜਿਸ ਅਨੁਸਾਰ ਪ੍ਰਾਰਥੀ ਵਲੋਂ ਦੀ ਖਾਨਖਾਨਾ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਖਾਨਖਾਨਾ ਨਾਲ ਸਬੰਧਤ ਸੂਚਨਾ ਮੰਗੀ ਗਈ ਹੈ। ਇਸ ਤੋਂ ਇਲਾਵਾ ਦਰਖਾਸਤ ਦੇ ਲੜੀ ਨੰ : 06 ਅਨੁਸਾਰ ਪ੍ਰਾਰਥੀ ਵਲੋਂ ਲਿਖਿਆ ਗਿਆ ਹੈ ਕਿ ਆਪ ਦੇ ਦਫਤਰ ਦਾ ਸੁਪਰਡੈਂਟ ਸਭਾ ਦੀ ਕਾਰਵਾਈ ਤੇ ਨੋਟ ਦੇ ਕੇ ਆਇਆ ਸੀ ਕਿ ਸਾਡੇ ਕੋਲ ਰੀਕਾਰਡ ਨਹੀਂ ਹੈ, ਇਸ ਸੁਪਰਡੈਂਟ ਨੇ ਸਭਾ ਦੇ ਪ੍ਰਧਾਨ ਕੋਲੋਂ ਸਭਾ ਦਾ ਰੀਕਾਰਡ ਮੰਗਿਆ ਸੀ। ਪ੍ਰਾਰਥੀ ਵਲੋਂ ਸੁਪਰਡੈਂਟ ਦੀ ਡਿਊਟੀ ਲਿਸਟ ਦੀ ਮੰਗ ਕੀਤੀ ਗਈ।

ਇਸ ਅਦਾਲਤ ਵਲੋਂ ਮਿਤੀ : 25.07.2022 ਨੂੰ ਪਬਲਿਕ ਇਨਫਰਮੇਸ਼ਨ ਅਫਸਰ-ਕਮ-ਉਪ-ਰਜਿਸਟਰਾਰ, ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ ਨੂੰ ਹਦਾਇਤ ਕੀਤੀ ਗਈ ਕਿ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਅਨੁਸਾਰ ਖਾਨਖਾਨਾ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਜਾਂ ਇਸ ਨਾਮ ਤੇ ਰਜਿਸਟਰਡ ਹੋਈ ਕੋਈ ਹੋਰ ਸਹਿਕਾਰੀ ਸਭਾ, ਜਿਸਦੀ ਵੀ ਸੂਚਨਾ ਆਰ.ਟੀ.ਆਈ.ਐਕਟ ਤਹਿਤ ਪ੍ਰਾਰਥੀ ਨੂੰ ਮੁਹੱਈਆ ਕਰਵਾਉਣੀ ਬਣਦੀ ਹੈ, ਉਹ ਤੁਰੰਤ ਉਸਨੂੰ ਭੇਜੀ ਜਾਵੇ। ਇਸ ਤੋਂ ਇਲਾਵਾ ਇਹ ਵੀ ਲਿਖਿਆ ਗਿਆ ਕਿ ਪ੍ਰਾਰਥੀ ਵਲੋਂ ਦਿੱਤੀ ਗਈ ਦਰਖਾਸਤ ਦੇ ਲੜੀ ਨੰ : 06 ਬਾਰੇ ਸੁਪਰਡੈਂਟ ਸਬੰਧੀ ਵਿਸਥਾਰ ਵਿੱਚ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ ਅਤੇ ਸੁਪਰਡੈਂਟ ਦੀ ਡਿਊਟੀ ਲਿਸਟ ਦੀ ਕਾਪੀ ਵੀ ਇਸ ਦਫਤਰ ਨੂੰ ਭੇਜੀ ਜਾਵੇ।

ਮਿਤੀ : 29.07.2022 ਨੂੰ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਦਫਤਰ ਦੇ ਬੀਹਾਫ ਤੇ ਸ੍ਰੀਮਤੀ ਰੇਖਾ ਰਾਦੀ, ਸੁਪਰਡੈਂਟ ਦਰਜਾ-।। ਦਫਤਰ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਨਵਾਂਸ਼ਹਿਰ ਹਾਜਰ ਆਈ ਅਤੇ ਉਸ ਵਲੋਂ ਉਪ-ਰਜਿਸਟਰਾਰ ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਵਲੋਂ ਦਿੱਤਾ ਜਵਾਬ ਪੇਸ਼ ਕੀਤਾ

..........3...........

ਗਿਆ ਅਤੇ ਜਵਾਬ ਨਾਲ ਦੀ ਖਾਨਖਾਨਾ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਖਾਨ ਖਾਨਾ ਵਲੋਂ ਪਾਸ ਕੀਤਾ ਗਿਆ ਮਤਾ ਮਿਤੀ : 27.07.2022 ਪਾਸ ਕੀਤਾ ਗਿਆ, ਜਿਸ ਅਨੁਸਾਰ ਸਭਾ ਸਰਕਾਰ ਤੋਂ ਮਾਲੀ ਸਹਾਇਤਾ ਨਹੀਂ ਲੈ ਰਹੀ ਹੈ ਅਤੇ ਸੂਚਨਾ ਦਾ ਅਧਿਕਾਰ ਐਕਟ-2005 ਦੇ ਦਾਇਰੇ ਵਿੱਚ ਨਹੀਂ ਆਉਂਦੀ, ਜਿਸ ਕਾਰਨ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਉਸਨੂੰ ਮੁਹੱਈਆ ਨਹੀਂ ਕਰਵਾਈ ਜਾ ਸਕਦੀ ਹੈ। ਪ੍ਰਾਰਥੀ ਦੀ ਦਰਖਾਸਤ ਦੇ ਲੜੀ ਨੰ : 06 ਦੇ ਸਬੰਧ ਵਿੱਚ ਉਪ-ਰਜਿਸਟਰਾਰ ਵਲੋਂ ਆਪਣੇ ਜਵਾਬ ਵਿੱਚ ਲਿਖਿਆ ਗਿਆ ਹੈ ਕਿ ਪ੍ਰਾਰਥੀ ਵਲੋਂ ਦਰਖਾਸਤ ਵਿੱਚ ਜਿਸ ਸੁਪਰਡੈਂਟ ਦਾ ਜ਼ਿਕਰ ਕੀਤਾ ਗਿਆ ਹੈ, ਨਾ ਤਾਂ ਉਸਦਾ ਨਾਮ ਦੱਸਿਆ ਗਿਆ ਹੈ ਅਤੇ ਨਾ ਹੀ ਇਹ ਦੱਸਿਆ ਗਿਆ ਹੈ ਕਿ ਇਹ ਸੁਪਰਡੈਂਟ ਕਿੱਥੇ ਲਿਖ ਕੇ ਆਇਆ ਸੀ ਕਿ ਸਾਡੇ ਕੋਲ ਰੀਕਾਰਡ ਨਹੀਂ ਹੈ। ਪ੍ਰਾਰਥੀ ਵਲੋਂ ਜਿਸ ਨੋਟਿਸ ਦੀ ਮੰਗ ਕੀਤੀ ਗਈ ਉਹ ਕਿਸ ਮਿਤੀ ਨੂੰ ਜਾਰੀ ਕੀਤਾ ਗਿਆ ਹੈ, ਇਸਦਾ ਵੀ ਜ਼ਿਕਰ ਨਹੀਂ ਕੀਤਾ ਗਿਆ।

ਦੋਵਾਂ ਹਾਜਰ ਆਈਆਂ ਧਿਰਾਂ ਨੂੰ ਸੁਣਨ ਅਤੇ ਰੀਕਾਰਡ ਦੀ ਘੋਖ ਕਰਨ ਉਪਰੰਤ ਮੈਂ ਇਸ ਸਿੱਟੇ ਤੇ ਪੰਹੁਚੀ ਹਾਂ ਕਿ ਸਹਿਕਾਰੀ ਸਭਾਵਾਂ ਆਰ.ਟੀ.ਆਈ.ਐਕਟ-2005 ਦੇ ਦਾਇਰ ਅਧੀਨ ਕਵਰ ਨਹੀਂ ਹੁੰਦੀਆਂ ਹਨ, ਜਿਸ ਕਾਰਨ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਉਸਨੂੰ ਸਪਲਾਈ ਨਹੀਂ ਕਰਵਾਈ ਜਾ ਸਕਦੀ। ਇਸ ਤੋਂ ਇਲਾਵਾ ਪ੍ਰਾਰਥੀ ਵਲੋਂ ਦਿੱਤੀ ਗਈ ਦਰਖਾਸਤ ਦੇ ਲੜੀ ਨੰ : 06 ਵਿੱਚ ਸੂਚਨਾ ਲੈਣ ਵਾਸਤੇ ਦਿੱਤੇ ਗਏ ਵੇਰਵੇ ਸਪਸ਼ਟ ਨਹੀਂ ਹਨ, ਜਿਸ ਕਾਰਨ ਇਹ ਸੂਚਨਾ ਉਸਨੂੰ ਸਪਲਾਈ ਨਹੀਂ ਹੋ ਸਕੀ।

ਸਹਿਕਾਰੀ ਸਭਾਵਾਂ ਆਰ.ਟੀ.ਆਈ.ਐਕਟ-2005 ਤਹਿਤ ਕਵਰ ਨਾ ਹੁੰਦੀਆਂ ਹੋਣ ਕਾਰਨ ਦੀ ਖਾਨ ਖਾਨਾ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਖਾਨ ਖਾਨਾ ਨਾਲ ਸਬੰਧਤ ਸੂਚਨਾ ਪ੍ਰਾਰਥੀ ਨੂੰ ਮੁਹੱਈਆ ਨਹੀਂ ਕਰਵਾਈ ਜਾ ਸਕਦੀ। ਇਸ ਤੋਂ ਇਲਾਵਾ ਪ੍ਰਾਰਥੀ ਦੀ ਦਰਖਾਸਤ ਦੇ ਲੜੀ ਨੰ : 06 ਅਨੁਸਾਰ ਮੰਗੀ ਗਈ ਸੂਚਨਾ ਵਿੱਚ ਵੀ ਵੇਰਵੇ ਸਪਸ਼ਟ ਨਾ ਹੋਣ ਕਾਰਨ ਪ੍ਰਾਰਥੀ ਨੂੰ ਇਹ ਸੂਚਨਾ ਮੁਹੱਈਆ ਕਰਵਾਉਣ ਨਹੀਂ ਬਣਦੀ। ਇਨ੍ਹਾਂ ਹੁੱਕਮਾਂ ਨਾਲ ਅਪੀਲ ਦਾਖਲ ਦਫਤਰ (dispose off)ਕੀਤੀ ਜਾਂਦੀ ਹ

ਪ੍ਰਾਰਥੀ ਅਗਰ ਇਸ ਅਦਾਲਤ ਵਲੋਂ ਕੀਤੇ ਗਏ ਫੈਸਲੇ ਨਾਲ ਸੰਤੁਸ਼ਟ ਨਾ ਹੋਵੇ ਤਾਂ ਉਹ ਦੂਸਰੀ ਐਪੀਲਾਂਟ ਅਥਾਰਟੀ ਮਾਨਯੋਗ ਸਟੇਟ ਇਨਫਰਮੇਸ਼ਨ ਕਮਿਸ਼ਨ, ਪੰਜਾਬ ਜੀ ਦੀ ਅਦਾਲਤ ਵਿੱਚ ਅਗਲੀ ਅਪੀਲ ਦਾਇਰ ਕਰ ਸਕਦਾ ਹੈ।

ਮਿਤੀ : 29.07.2022.

(ਸਰਬਜੀਤ ਕੋਰ)
ਸੰਯੁਕਤ ਰਜਿਸਟਰਾਰ
(ਐਪੀਲਾਂਟ ਅਥਾਰਟੀ)
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਅਸਲ ਕਾਪੀ ਤੋਂ ਤਸਦੀਕ ਕੀਤਾ
1/8/2022
ਸੁਪਰਡੈਂਟ
ਦਫਤਰ ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਅਤੀ ਜ਼ਰੂਰੀ/ਸਮਾਂਬੱਧ

ਦਫਤਰ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ
ਆਰ.ਟੀ.ਆਈ ਸ਼ਾਖਾ

ਵੱਲ,

ਫਸਟ ਐਪੀਲੇਟ ਅਥਾਰਟੀ (ਅੰਡਰ ਆਰ.ਟੀ.ਆਈ.)-ਕਮ-
ਸੰਯੁਕਤ ਰਜਿਸਟਰਾਰ, ਸਹਿਕਾਰੀ ਸਭਾਵਾਂ,
ਜਲੰਧਰ ਮੰਡਲ, ਜਲੰਧਰ।

ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ
1510
ਡਾਇਰੀ ਨੰਬਰ
ਮਿਤੀ 15-7-22

ਮੀਮੋ ਨੰ: ਰਸਸ/ਆਰ.ਟੀ.ਆਈ/ਨਵਾਂਸ਼ਹਿਰ/ 11611
ਮਿਤੀ/ 15.07.2022

ਵਿਸ਼ਾ:- ਮਾਣਯੋਗ ਪੰਜਾਬ ਸਟੇਟ ਇਨਫਰਮੇਸ਼ਨ ਕਮਿਸ਼ਨ, ਚੰਡੀਗੜ੍ਹ ਵੱਲੋਂ ਅਪੀਲ ਕੇਸ 4718 ਆਫ 2021 ਵਿੱਚ ਮਿਤੀ 29.06.2022 ਨੂੰ ਕੀਤੇ ਗਏ ਹੁਕਮਾਂ ਸਬੰਧੀ।

ਉਪਰੋਕਤ ਵਿਸ਼ਾ ਅੰਕਿਤ ਕੇਸ ਦੇ ਸਬੰਧ ਵਿੱਚ Appeal Case No. 4718 of 2021 (ਸ਼੍ਰੀ ਮੱਖਣ ਸਿੰਘ ਪੁੱਤਰ ਸ਼੍ਰੀ ਜਗੀਰ ਸਿੰਘ, ਪਿੰਡ ਬੀਕਾ, ਜਿਲਾ ਐਸ.ਬੀ.ਐਸ. ਨਗਰ ਬਨਾਮ ਲੋਕ ਸੂਚਨਾ ਅਫਸਰ, ਦਫਤਰ ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ ਅਤੇ ਫਸਟ ਐਪੀਲੇਟ ਅਥਾਰਟੀ, ਦਫਤਰ ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ) ਵਿੱਚ ਮਾਣਯੋਗ ਪੰਜਾਬ ਸਟੇਟ ਇਨਫਰਮੇਸ਼ਨ ਕਮਿਸ਼ਨ ਚੰਡੀਗੜ੍ਹ ਦਾ ਆਰਡਰ ਮਿਤੀ 29.06.2022 ਇਸ ਦਫਤਰ ਵਿਚ ਪ੍ਰਾਪਤ ਹੋਇਆ ਹੈ। ਜਿਸ ਵਿਚ ਉਹਨਾਂ ਵੱਲੋਂ ਹੁਕਮ ਹੋਏ ਹਨ ਕਿ:

"5. Accordingly, this case is hereby, remanded back to the First Appellate Authority who is directed to decide the RTI application afresh as per provisions of the RTI Act, 2005. 6. The First Appellate Authority i.e. O/o Registrar, Cooperative Societies, Punjab, Sector-17, Chandigarh, who is further directed to call the Appellant Shri Makhan Singh within 15 days of receipt of this order and provide the information pertaining to his RTI application dated 15.05.2021. A compliance report of the same be sent to the Commission. 7. With aforesaid directions, the instant Appeal Case is disposed of and closed"

ਉਪਰੋਕਤ ਹੁਕਮਾਂ ਅਨੁਸਾਰ ਇਹ ਕੇਸ ਫਸਟ ਐਪੀਲੇਟ ਅਥਾਰਿਟੀ ਨੂੰ ਰਿਮਾਂਡ ਹੋਇਆ ਹੈ ਪ੍ਰੰਤੂ ਆਰਡਰ ਦੀ ਕਾਪੀ ਇਸ ਦਫਤਰ ਵਿਖੇ ਅਗਲੇ ਲੋੜੀਂਦੀ ਕਾਰਵਾਈ ਲਈ ਪ੍ਰਾਪਤ ਹੋਈ ਹੈ। ਕਿਉਂਕਿ ਉਕਤ ਕੇਸ ਸਬੰਧੀ Respondent ਲੋਕ ਸੂਚਨਾ ਅਫਸਰ, ਦਫਤਰ ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ ਹੈ ਜਿਸ ਸਬੰਧੀ ਫਸਟ ਐਪੀਲੇਟ ਅਥਾਰਟੀ (ਅੰਡਰ ਆਰ.ਟੀ.ਆਈ.) ਉਹਨਾਂ ਦਾ ਦਫਤਰ ਹੀ ਹੈ। ਇਸ ਲਈ ਮਾਣਯੋਗ ਪੰਜਾਬ ਸਟੇਟ ਇਨਫਰਮੇਸ਼ਨ ਕਮਿਸ਼ਨ ਚੰਡੀਗੜ੍ਹ ਪਾਸੋਂ ਪ੍ਰਾਪਤ ਆਰਡਰ ਦੀ ਕਾਪੀ ਇਸ ਪੱਤਰ ਨਾਲ ਨੱਥੀ ਕਰਕੇ ਆਪ ਨੂੰ ਅਗਲੀ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ :- ਉਕਤ ਅਨੁਸਾਰ

Suchet Kheera.
ਲੋਕ ਸੂਚਨਾ ਅਫਸਰ

ਪਿੱਠ ਅੰਕਣ ਨੰ: ਰਸਸ/ਆਰ.ਟੀ.ਆਈ/ਨਵਾਂਸ਼ਹਿਰ/
ਮਿਤੀ

ਉਪਰੋਕਤ ਦਾ ਉਤਾਰ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ :-

1. ਮਾਣਯੋਗ ਪੰਜਾਬ ਸਟੇਟ ਇਨਫਰਮੇਸ਼ਨ ਕਮਿਸ਼ਨ, ਰੈਡ ਕਰਾਸ ਬਿਲਡਿੰਗ, ਨੇੜੇ ਰੋਜ਼ ਗਾਰਡਨ, ਸੈਕਟਰ 16, ਚੰਡੀਗੜ੍ਹ।
2. ਸ਼੍ਰੀ ਮੱਖਣ ਸਿੰਘ ਪੁੱਤਰ ਸ਼੍ਰੀ ਜਗੀਰ ਸਿੰਘ, ਪਿੰਡ ਬੀਕਾ, ਜਿਲਾ ਐਸ.ਬੀ.ਐਸ. ਨਗਰ।

-ਸਹੀ-
ਲੋਕ ਸੂਚਨਾ ਅਫਸਰ

# PUNJAB STATE INFORMATION COMMISSION
RED CROSS BUILDING, NEAR ROSE GARDEN,
SECTOR 16, CHANDIGARH.
Ph: 0172-2864112, Email: - psic23@punjabmail.gov.in
Visit us: - www.infocommpunjab.com; Helpline No. 0172-2864100

Shri Makhan Singh, (99151 69047)
S/o Sh. Jagir Singh,
Village Bika, S.B.S Nagar.

...Appellant

Versus

Public Information Officer,
O/o Deputy Registrar,
Cooperative Societies,
Shaheed Bhagat Singh Nagar.

First Appellate Authority
O/o Registrar,
Cooperative Societies,
Shaheed Bhagat Singh Nagar.

...Respondents

**APPEAL CASE NO. 4718 OF 2021**
**(Cisco Webex Proceedings)**

**PRESENT:** Shri Makhan Singh, Appellant.
None on behalf of the Respondents.

**ORDER:**

1. The RTI application is dated 15.05.2021 vide which the Appellant has sought information from the PIO O/o Deputy Registrar, Cooperative Societies, Shaheed Bhagat Singh Nagar in his RTI application.

2. On not receiving information from the PIO and even after filing First Appeal with the First Appellate Authority (hereinafter FAA) on 17.06.2021, the Appellant filed Second Appeal in the Commission on 06.10.2021 under Section 19 of the Right to Information Act, 2005 (hereinafter RTI Act) and as such Notice of hearing was issued to the parties.

3. The case has been heard today. The Appellant states that no information has been provided to him by the PIO till date.

4. The respondent states that the information sought by appellant is not clear as the appellant has not given the full name and address of the co-operative society and hence cannot be provided.

Cont...Pg2

Compared with original. Attested
Assistant 12/07/22
Punjab State Information Commission
Chandigarh

# PUNJAB STATE INFORMATION COMMISSION

RED CROSS BUILDING, NEAR ROSE GARDEN,
SECTOR 16, CHANDIGARH.
Ph: 0172-2864112, Email: - psic23@punjabmail.gov.in
Visit us: - www.infocommpunjab.com; Helpline No. 0172-2864100

PSIC



**APPEAL CASE NO. 4718 OF 2021**

5. Accordingly, this case is hereby, remanded back to the First Appellate Authority who is directed to decide the RTI application afresh as per provisions of the RTI Act, 2005.

6. The First Appellate Authority i.e. O/o Registrar, Cooperative Societies, Punjab, Sector – 17, Chandigarh, who is further directed to call the Appellant Shri Makhan Singh within 15 days of receipt of this order and provide the information pertaining to his RTI application dated 15.05.2021. A compliance report of the same be sent to the Commission.

7. With aforesaid directions, the instant Appeal Case is disposed of and closed. Copies of the order be sent to the parties.

**Chandigarh**
29.06.2022

Sd/-
**(Maninder Singh Patti)**
**State Information Commissioner, Punjab**

**Copy is forwarded to the following for information and further necessary action along with RTI application dated 15.05.2021.**

**First Appellate Authority,**
O/o Registrar,
Cooperative Societies, Punjab,
Sector -17, Chandigarh.

26744
06 JUL 2022
5/7/22

(5)

ਮੱਘਰ ਸਿੰਘ ਪੁੱਤਰ ਮਗੀਰ ਸਿੰਘ ਪਿੰਡ ਧੀਰਾਂ ਡਾਕ ਖਾਨਾ ਖਾਨ ਖਾਨਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ]

ਵੱਲ :- ਜ਼ਿਲ੍ਹਾ [illegible] ਰਜਿਸਟਰਾਰ ਅਤੇ ਸੇਵਾ ਮੁਕਤ ਅਫ਼ਸਰ [illegible] 2005 ਸ਼ਹੀਦ ਭਗਤ ਸਿੰਘ ਨਗਰ ਸਾਹਿਬ ਅਤੇ ਪ੍ਰਧਾਨ ਕੋਆਪਰੇਟਿਵ ਸੋਸਾਇਟੀ ਖਾਨ ਖਾਨਾ ਜ਼ਿਲ੍ਹਾ S.B.S. ਨਗਰ

ਵਿਸ਼ਾ :- ਜ਼ਿਲ੍ਹਾ ਅਸਿਸਟੈਂਟ ਰਜਿਸਟਰਾਰ ਸ਼ਹੀਦ ਭਗਤ ਸਿੰਘ ਨਗਰ ਦੇ ਅਧੀਨ ਕੋਆਪ ਸੋਸਾਇਟੀ ਖਾਨ ਖਾਨਾ ਸਬੰਧੀ ਸੂਚਨਾ ਲੈਣ ਸਬੰਧੀ ਵਿਚ ਪੱਤਰ।

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਮੈਂ ਮੱਘਰ ਸਿੰਘ ਪੁੱਤਰ ਮਗੀਰ ਸਿੰਘ ਪਿੰਡ ਧੀਰਾਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਨਿਵਾਸੀ ਹਾਂ। ਜੋ ਆਪ ਜੀ ਦੇ ਅਧੀਨ ਕੋਆਪ ਸੋਸਾਇਟੀ ਖਾਨ ਖਾਨਾ ਦੇ ਪਰਿਵਾਰ ਨਾਲ ਸਬੰਧਿਤ ਵਿਚ ਹੇਠ ਲਿਖੀਆਂ ਬੇਨਿਯਮੀਆਂ ਦੀਆਂ ਸੂਚਨਾਵਾਂ ਹੇਠ ਲਿਖੀਆਂ ਲੈਣੀਆਂ ਚਾਹੁੰਦਾ ਹਾਂ

(1) ਕੋਆਪ ਸੋਸਾਇਟੀ ਖਾਨ ਖਾਨਾ ਨੂੰ ਪਰਪਜ਼ ਜਦੋਂ ਦੀ ਕਿ ਕਿੰਨੀਆਂ (ਮੰਜ਼ੂਰੀਆਂ) ਹੈ। ਇਸ ਦੀ ਰਜਿਸਟਰੀ ਕਿਹੜੇ ਮਿਆਰਤੀ ਤੋਂ ਕਰਵਾਈ ਹੈ। ਇਹ ਰਜਿਸਟਰੀ ਕਿਹੜੇ ਸੰਨ ਵਿੱਚ ਕਰਵਾਈ ਸੀ। ਰਜਿਸਟਰੀ ਕਰਾਉਣ ਵਾਲੇ [illegible] ਗਵਾਹ ਅਤੇ ਨੰਬਰਦਾਰ ਦਾ ਨਾਮ ਦੀ ਸੂਚਨਾ ਅਤੇ ਰਜਿਸਟਰੀ ਦੀ ਕਾਪੀ ਦਿਤੀ ਜਾਵੇ।

(2) ਇਸ ਦੀ ਖਰੀਦ ਤੋਂ ਪਹਿਲਾਂ ਜੋ ਮਤਾ ਪਾਇਆ ਹੋਵੇਗਾ। ਉਸ ਮਤੇ ਉੱਤੇ ਕਿਹੜੇ ਮੈਂਬਰਾਂ ਦੇ ਦਸਖਤ ਹਨ। ਕਿੰਨਾਂ ਮੈਂਬਰਾਂ ਦੇ ਦਸਖਤ ਨਹੀਂ। ਇਨ੍ਹਾਂ ਸਾਰਿਆਂ ਮੈਂਬਰਾਂ ਦੇ ਪਿਤਾਵਾਂ ਦੀ ਕਾਪੀਆਂ ਅਤੇ ਮਤੇ ਦੀ ਕਾਪੀ ਦਿਤੀ ਜਾਵੇ। ਖਾਨ ਖਾਨਾ ਸੋਸਾਇਟੀ ਮੈਨੇਜਰ ਨਿਯੁਕਤ ਕੀਤਾ ਸੀ। ਉਸ ਸਮੇਂ ਜਿਸ ਨੇ ਮੈਨੇਜਰ ਦਾ ਕੰਮ ਕੀਤਾ ਹੋਵੇਗਾ ਸੂਚਨਾ

(3) ਇਸ ਥਾਂ ਨੂੰ ਖਰੀਦ ਤੋਂ ਪਹਿਲਾਂ ਪੰਜਾਬ ਸਰਕਾਰ ਨੂੰ ਸਤਾਂ ਲੈਣ ਦੇ ਮਨਜ਼ੂਰੀ ਲਈ ਹੋਵੇਗੀ। ਇਹ ਕਿਹੜੇ ਮਿਆਰਤੀਆਂ ਤੋਂ ਖਰੀਦਿਆਂ ਹੈ। ਉਸ ਤੋਂ ਕਿਹੜੇ ਮੁੱਲ ਤੇ ਖਰੀਦਿਆਂ ਹੈ। ਜੋ ਮੱਲ ਜਿਨ੍ਹਾਂ [illegible] ਦੇ ਦਿਤਿਆਂ ਹੈ। ਉਸ ਮਾਲਕ ਦਾ ਨਾਮ ਅਤੇ ਪੂਰਾ ਪਤਾ। ਜਿਸ ਮਿਆਰਤੀ ਤੋਂ ਸੋਸਾਇਟੀ ਨੇ ਜੋ ਖਰੀਦਿਆਂ ਹੈ। ਉਸ ਦਾ ਬੈਂਕ ਚੈੱਕ ਜਾਂ ਨਕਦ ਦੇਣ ਦਾ ਸਬੂਤ ਹੈ। ਇਸ ਥਾਂ ਦਾ ਪਾਣੀ ਕਿਹੜੇ ਪਾਸੇ ਕੱਢਿਆ ਹੈ। ਇਸ ਦਾ [illegible] ਕਿਹੜੇ ਮਿਆਰਤੀ ਤੋਂ ਖਰੀਦਿਆਂ ਸੀ। ਸੋਸਾਇਟੀ ਮੈਂਬਰਾਂ ਨੇ ਸਰਕਾਰ ਦੀ ਕਿਸ ਮਨਜ਼ੂਰੀ ਨਾਲ ਖਰੀਦ ਦਾ ਕੋਈ ਅਧਿਕਾਰ ਸੀ ਜਾਂ ਅਧਿਕਾਰ ਹੈ। ਤਾਂ ਇਸ ਦੀ ਕਾਪੀ ਦਿਤੀ ਜਾਵੇ। [illegible] ਦੀ ਕਾਰਵਾਈ ਦੀ ਵਿਚ ਦਰਜ ਕੀਤੀ ਹੈ

(4) ਖਾਨ ਖਾਨਾ, ਧੀਰਾਂ, ਖਾਨ ਪੁਰ, ਮਹਿਮ ਪਿੰਡਾਂ ਦੇ ਕੁਝ ਵਿਚ ਮਿਆਰਤ ਹਨ। ਇਹਨਾਂ ਪਿੰਡਾਂ ਦਾ ਨੇ ਇਸ ਸੋਸਾਇਟੀ ਤੋਂ ਕਿੰਨੀ ਰਕਮ ਜਮਾਂ ਹੈ। ਇਹਨਾਂ ਮਿਆਰਤਾਂ ਨੂੰ ਕਿੰਨਾਂ ਵਿਆਜ ਦਿੰਦੇ ਹੋ। ਇਸ ਸੋਸਾਇਟੀ ਨੂੰ 2010 ਤੋਂ ਲੈ ਕੇ 2021 ਤਕ ਕੁਲ ਕਿੰਨਾਂ ਮੁਨਾਫ਼ਾ ਹੋਇਆਂ ਹੈ। ਇਸ ਮੁਨਾਫ਼ੇ ਨੂੰ ਖਾਤਾਧਾਰਕਾਂ ਨੂੰ ਕਿੰਨੀ ਕਿੰਨੀ ਰਕਮ ਦਿਤੀ ਗਈ ਹੈ। ਜਿਹਨਾਂ ਜ਼ਮੀਨਾਂ ਜਾਂ ਖਰੀਦ ਨਹੀਂ ਦੇਣ ਕਿੰਨੀ ਰਕਮ ਦਿਤੀ ਗਈ ਹੈ। ਇਹ ਰਕਮ ਕਿਹੜੇ ਤੌਰ ਦਿਤੇ ਦਿਤੀ ਗਈ ਹੈ। ਖਰਚ ਕਿਵੇਂ ਕਿਵੇਂ ਕੀਤਾ ਹੈ। ਕਾਪੀਆਂ ਦਿਉ

(5) ਸੋਸਾਇਟੀ ਮੈਂਬਰਾਂ ਦੀ ਚੋਣਾਂ ਕਿਹੜੀਆਂ ਸ਼ਰਤਾਂ ਮੁਤਾਬਿਕ ਅਨੁਸਾਰ ਕਰਵਾਈਆਂ ਹਨ। ਕੋਆਪ ਸੋਸਾਇਟੀ ਦੀ ਚੋਣ ਕਿਹੜੇ ਸੰਨ ਵਿਚ ਹੋਈ ਸੀ। ਉਹਨਾਂ ਮੈਂਬਰਾਂ ਦੇ ਨਾਮ। ਮਤਿਆਂ ਉੱਤੇ ਸਾਰਿਆਂ ਮੈਂਬਰਾਂ ਦੇ ਦਸਖਤ ਕਰਾਉਣੇ ਤੇ ਮੀਟਿੰਗ ਕਰਨ ਤੋਂ ਪਹਿਲਾਂ ਨੋਟਿਸ ਕੱਢੇ ਹੋਵੇਗੇ ਉਹਨਾਂ ਦੀਆਂ ਕਾਪੀਆਂ। ਜਿਨ੍ਹਾਂ ਮੈਂਬਰਾਂ ਨੂੰ ਨੋਟਿਸ ਨਹੀਂ ਕੱਢੇ ਉਸ ਦੇ ਕਾਰਨ ਦੀ ਸੂਚਨਾ ਦਿਤੀ ਜਾਵੇ। ਪਿਛਲੇ ਦਸ ਸਾਲ ਦੇ ਆਮਦਨ ਅਤੇ ਖਰਚੇ ਦੀਆਂ ਆਡਿਟ ਦੀਆਂ ਕਾਪੀਆਂ ਦਿਤੀਆਂ ਜਾਣ। ਮੀਟਿੰਗਾਂ ਦੇ ਮਤੇ ਸਰਕਾਰ ਨੂੰ ਭੇਜੇ ਹੋਣਗੇ ਉਹਨਾਂ ਦੀਆਂ ਕਾਪੀਆਂ

(6) ਇਸ ਸੋਸਾਇਟੀ ਦੀ ਮੈਂਬਰ ਰਾਮ ਸਰੂਪ ਖਾਨ ਪੁਰ ਨੂੰ ਸੋਸਾਇਟੀ ਤੋਂ ਕਿਹੜੇ ਸੰਨ ਵਿਚ ਕੱਢਿਆਂ ਗਿਆਂ ਸੀ। ਇਸ ਮੈਂਬਰ ਨੇ ਕਿਹੜੇ ਸੰਨ ਵਿੱਚ ਕਿੰਨਾਂ ਜਮਾਂ ਕਰਵਾਇਆ ਸੀ। [illegible] ਦੀ ਛੱਡਣ ਤੋਂ ਪਹਿਲਾਂ ਕਿੰਨਾਂ ਜਮਾਂ ਕੀਤਾ ਸੀ। ਸੀਲ ਅਤੇ ਤਰੀਕ ਦੀ ਸੂਚਨਾ ਦਿਤੀ ਜਾਵੇ। ਤਰਨੋ ਦਫ਼ਤਰ ਦਾ ਸੁਪਰਵਾਈਜ਼ਰ ਲਿਖਵਾਏ ਜਾਇਆਂ ਸੀ। ਕੀ ਮਾਣਯੋਗ ਕੋਰਟ ਵਿਚਾਰਨ ਨਹੀਂ ਹੈ। ਇਸ ਸੁਪਰਵਾਈਜ਼ਰ ਨੇ ਖਾਨ ਖਾਨਾ ਸੋਸਾਇਟੀ ਦੇ ਪਰਿਵਾਰ ਨਾਲ ਸਬੰਧਿਤ ਵਿਚ ਕਿਸ ਤਰ੍ਹਾਂ ਦੇ ਵਿਚਾਰ ਲੀਤਿਆਂ ਸੀ। ਉਸ ਦੀ ਕਾਪੀ ਦਿਤੀ ਜਾਵੇ। ਇਸ ਦਫ਼ਤਰ ਵਿਚ ਸੁਪਰਵਾਈਜ਼ਰ ਦੀਆਂ ਕੀ ਪਾਵਰਾਂ ਹਨ।

(7) ਇਸ ਸੋਸਾਇਟੀ ਨੇ ਟਰੈਕਟਰ ਤੇ ਮਸ਼ੀਨਰੀ ਕਿਹੜੇ ਸੰਨ ਵਿੱਚ ਖਰੀਦੀ ਸੀ। ਕਿਹੜੀ ਕਿਹੜੀ ਮਸ਼ੀਨਰੀ ਖਰੀਦੀ ਹੈ। ਉਸ ਦੇ ਬਿੱਲਾਂ ਦੀਆਂ ਕਾਪੀਆਂ ਦਿਤੀਆਂ ਜਾਣ। ਮਾਨਯੋਗ ਜੀ ਜਿਹੜੀ ਸੂਚਨਾ ਵਿਚ ਸਮੇਂ ਸਿਰ ਮੁਹੱਈਆ ਕਰਵਾਈ ਜਾਵੇ। ਆਪ ਜੀ ਦੀ ਬੜੀ ਮਿਹਰਬਾਨੀ ਹੋਵੇਗੀ।

(8) ਜੇ ਚਿਨਤਨੀਕ ਪਰਵਾਨੀ ਹੈ ਜਿਸਨੇ ਦਵਾਈਆਂ ਨਹੀਂ ਦੇਣ ਕਿੰਨੀ ਰਕਮ ਖਰਚ ਹੋਈ। ਇਹ ਰਕਮ ਕਿਸ ਮੈਂਬਰ ਤੋਂ ਇਹ ਸਾਰੀ ਜਾਂ ਖਰਚ ਕੀਤੀ। ਕਿਸ ਮਿਆਰਤੀ ਮਜ਼ਦੂਰਾਂ। ਜੋ ਕਿੰਨੀ ਰਕਮ ਦਿਤੀ ਹੈ। ਮਿਆਰਤੀਆਂ ਅਤੇ ਮਜ਼ਦੂਰਾਂ ਦੇ ਨਾਮ

ਆਪ ਜੀ ਦਾ ਧੰਨਵਾਦੀ
ਮੱਘਰ ਸਿੰਘ ਪੁੱਤਰ ਮਗੀਰ ਸਿੰਘ 9915169047
ਪਿੰਡ ਧੀਰਾਂ
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਮਿਤੀ 15-5-2021।